# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ : 19-10-2025**

ਵਿਗਿਆਨ ਅਤੇ ਤਕਨਾਲੋਜੀ ਮੰਤਰੀ ਡਾ. ਜਿਤੇਂਦਰ ਸਿੰਘ ਨੇ ਕਿਹਾ ਏ ਕਿ ਭਾਰਤ ਨੇ ਫਾਰਮਾ-ਸਿਊਟੀਕਲ ਅਤੇ ਬਾਇਓ-ਟੈਕਨਾਲੋਜੀ ਖੇਤਰ ਵਿੱਚ ਆਤਮ -ਨਿਰਭਰਤਾ ਵੱਲ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕਰਦਿਆਂ ਆਪਣੀ ਪਹਿਲੀ ਸਵਦੇਸ਼ੀ ਐਂਟੀਬਾਇਓਟਿਕ, ਨੈਫਥਰੋ-ਮਾਈਸਿਨ ਵਿਕਸਤ ਕੀਤੀ ਏ । ਕੱਲ੍ਹ ਨਵੀਂ ਦਿੱਲੀ ਵਿੱਚ ਤਿੰਨ ਦਿਨਾਂ ਮੈਡੀਕਲ ਵਰਕਸ਼ਾਪ ਦਾ ਉਦਘਾਟਨ ਕਰਦਿਆਂ, ਉਨ੍ਹਾਂ ਕਿਹਾ ਕਿ ਇਹ ਐਂਟੀਬਾਇਓਟਿਕ ਦਵਾਈ-ਰੋਧਕ ਸਾਹ ਦੇ ਸੰਕਰਮਣ ਨੂੰ ਖਤਮ ਕਰਨ ਵਿੱਚ ਪ੍ਰਭਾਵਸ਼ਾਲੀ ਏ। ਉਨ੍ਹਾਂ ਕਿਹਾ ਕਿ ਇਹ ਦਵਾਈ ਕੈਂਸਰ ਦੇ ਮਰੀਜ਼ਾਂ ਅਤੇ ਬੇਕਾਬੂ ਸ਼ੂਗਰ ਵਾਲੇ ਲੋਕਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਏ। ਡਾ. ਜਿਤੇਂਦਰ ਸਿੰਘ ਨੇ ਇੱਕ ਹੋਰ ਵੱਡੀ ਵਿਗਿਆਨਕ ਪ੍ਰਾਪਤੀ, ਹੀਮੋਫੀਲੀਆ ਦੇ ਇਲਾਜ ਲਈ ਜੀਨ ਥੈਰੇਪੀ ਦੀ ਸਫਲ

ਸਵਦੇਸ਼ੀ ਕਲੀਨਿਕਲ ਅਜ਼ਮਾਇਸ਼ ਬਾਰੇ ਵੀ ਜਾਣਕਾਰੀ ਦਿੱਤੀ ।

---------------------------------------------------------------------

ਭਾਰਤੀ ਪੁਲਾੜ ਖੋਜ ਸੰਗਠਨ-ISRO ਨੇ ਇੱਕ ਇਤਿਹਾਸਕ ਸਫਲਤਾ ਵਜੋਂ ਐਲਾਨ ਕੀਤਾ ਕਿ ਉਸਦੇ ਚੰਦਰਯਾਨ-2 ਪੁਲਾੜ ਵਾਹਨ ਨੇ ਪਹਿਲੀ ਵਾਰ ਸੂਰਜ ਤੋਂ ਕੋਰੋਨਲ ਮਾਸ ਇਜੈਕਸ਼ਨ (CME) ਦੇ ਚੰਦਰਮਾ 'ਤੇ ਪ੍ਰਭਾਵਾਂ ਦਾ ਨਿਰੀਖਣ ਕਰਨ ਲਈ ਆਪਣੇ ਵਿਗਿਆਨਕ ਯੰਤਰਾਂ ਦੀ ਵਰਤੋਂ ਕੀਤੀ ਏ । ਇਹ ਨਿਰੀਖਣ ਚੰਦਰਮਾ ਦੇ ਐਕਸੋ-ਸਫੀਅਰ ਅਤੇ ਪਤਲੇ ਵਾਯੂਮੰਡਲ ਦੇ ਨਾਲ-ਨਾਲ ਇਸਦੀ ਸਤ੍ਹਾ 'ਤੇ ਪੁਲਾੜ ਮੌਸਮ ਦੇ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰੇਗਾ। 22 ਜੁਲਾਈ, 2019 ਨੂੰ ਸ਼੍ਰੀਹਰੀਕੋਟਾ ਤੋਂ GSLV-Mk3-M1 ਰਾਕੇਟ ਰਾਹੀਂ ਦਾਗੇ ਗਏ ਚੰਦਰਯਾਨ-2 ਵਿਚ ਅੱਠ ਵਿਗਿਆਨਕ ਉਪਕਰਣ ਸਨ ਅਤੇ 20 ਅਗਸਤ, 2019 ਨੂੰ ਚੰਦਰਮਾ ਦੇ ਗ੍ਰਹਿ ਪੰਧ ਵਿੱਚ ਸਫਲਤਾਪੂਰਵਕ ਦਾਖਲ ਹੋਇਆ। ਹਾਲਾਂਕਿ, 7 ਸਤੰਬਰ, 2019 ਨੂੰ ਲੈਂਡਿੰਗ ਦੀ ਕੋਸ਼ਿਸ਼ ਦੌਰਾਨ ਵਿਕਰਮ ਲੈਂਡਰ ਨਾਲ ਸੰਪਰਕ ਟੁੱਟ ਗਿਆ ਸੀ। ਆਰਬਿਟਰ ਪੂਰੀ ਤਰ੍ਹਾਂ ਕਾਰਜਸ਼ੀਲ ਏ ਅਤੇ ਇਸਨੇ ਚੰਦਰਮਾ ਦੇ ਦੁਆਲੇ ਪੰਧ ਵਿੱਚ ਕੰਮ ਕਰਨਾ ਜਾਰੀ ਰੱਖਿਆ ਹੋਇਆ ਏ ।

---------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਆਉਂਦੇ ਤਿਉਹਾਰਾਂ ਦੇ ਸੀਜ਼ਨ ਦੌਰਾਨ, ਝੋਨੇ ਦੀ ਚੱਲ ਰਹੀ ਖਰੀਦ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਨੇ। ਕੱਲ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਦੇ ਬਾਵਜੂਦ, ਪੰਜਾਬ ਵੱਲੋਂ ਅਜੇ ਵੀ ਕੌਮੀ ਅਨਾਜ ਭੰਡਾਰ ਵਿੱਚ 175 ਲੱਖ ਮੀਟਰਕ ਟਨ ਝੋਨੇ ਦਾ ਯੋਗਦਾਨ ਪਾਉਣ ਦੀ ਸੰਭਾਵਨਾ ਏ। ਉਨ੍ਹਾਂ ਦੱਸਿਆ ਕਿ ਸਾਉਣੀ ਮੰਡੀਕਰਨ ਸੀਜ਼ਨ, 2025-26 ਵਿੱਚ, ਝੋਨੇ ਦੀ ਖਰੀਦ ਲਈ 1 ਹਜ਼ਾਰ 822 ਖਰੀਦ ਕੇਂਦਰਾਂ ਨੂੰ ਨੋਟੀਫਾਈ ਕੀਤਾ ਗਿਆ ਏ। ਉਨ੍ਹਾਂ ਕਿਹਾ ਕਿ ਖਰੀਦ ਦੇ 72 ਘੰਟਿਆਂ ਦੇ ਅੰਦਰ-ਅੰਦਰ ਸੂਬੇ ਵੱਲੋਂ 100 ਫੀਸਦ ਚੁਕਾਈ ਹੋ ਚੁੱਕੀ ਏ ਅਤੇ ਕਿਸਾਨਾਂ ਨੂੰ ਕੁੱਲ 7 ਹਜ਼ਾਰ 472 ਕਰੋੜ 20 ਲਖ ਰੁਪਏ ਦੀ ਅਦਾਇਗੀ ਪਹਿਲਾਂ ਹੀ ਕੀਤੀ ਜਾ ਚੁੱਕੀ ਏ। ਮੁੱਖ ਮੰਤਰੀ ਨੇ ਕਿਹਾ ਕਿ ਹੇਠਲੇ ਪੱਧਰ 'ਤੇ ਪੁਖਤਾ ਪ੍ਰਬੰਧਾਂ

ਰਾਹੀਂ ਕਿਸਾਨਾਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ।

---------------------------------------------------------------------

ਪੰਜਾਬ ਵਿਧਾਨ ਸਭਾ ਦੀ ਤਰਨਤਾਰਨ ਸੀਟ ਦੀ ਜ਼ਿਮਨੀ ਚੋਣ ਲਈ ਨਾਮਜਦਗੀਆਂ ਦੇ ਕੱਲ 6ਵੇਂ ਦਿਨ 14 ਨਾਮਜਦਗੀ ਪੱਤਰ ਦਾਖਲ ਹੋਏ।ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਤਰਨ ਤਾਰਨ ਸੀਟ ਲਈ ਲਈ ਕੱਲ ਭਾਰਤੀ ਜਨਤਾ ਪਾਰਟੀ ਤੋਂ ਉਮੀਦਵਾਰ ਹਰਜੀਤ ਸਿੰਘ ਸੰਧੂ ਨੇ ਦੋ ਹੋਰ ਨਾਮਜ਼ਦਗੀ ਪੱਤਰ ਦਾਖਲ ਕੀਤੇ । ਇਸ ਤੋਂ ਪਹਿਲਾਂ ਉਨਾਂ ਵੱਲੋਂ 17 ਅਕਤੂਬਰ ਨੂੰ ਵੀ ਨਾਮਜ਼ਦਗੀ ਪੱਤਰ ਦਾਖਲ ਕੀਤਾ ਗਿਆ ਸੀ। ਸੁੱਚਾ ਸਿੰਘ ਵੱਲੋਂ ਉਨਾਂ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕੀਤੀ ਗਈ ਏ । ਉੱਥੇ ਹੀ ਲੀਨਾ ਸੰਧੂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕੀਤਾ ਏ । ਇਸ ਤੋਂ ਇਲਾਵਾ ਅਰੁਨ ਕੁਮਾਰ ਖੁਰਮੀ ਨੇ ਵੀ ਆਪਣੇ ਕਾਗਜ ਦਾਖਿਲ ਕੀਤੇ ਅਤੇ ਨੈਸ਼ਨਲਿਟਸ ਜਸਟਿਸ ਪਾਰਟੀ ਵੱਲੋਂ ਨਾਇਬ ਸਿੰਘ ਨੇ ਨਾਮਜ਼ਦਗੀ ਦਾਖਲ ਕੀਤੀ ਹੈ। ਜਦਕਿ ਹਰਪਾਲ ਸਿੰਘ, ਹਰਬਰਿੰਦਰ

ਕੌਰ, ਕੋਮਲਪ੍ਰੀਤ ਸਿੰਘ, ਨੀਟੂ, ਵਿਜੈ ਕੁਮਾਰ, ਮਨਦੀਪ ਸਿੰਘ, ਨਿਰਮਲ ਕੌਰ ਅਤੇ ਜਸਵੰਤ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਜ਼ਿਕਰਯੋਗ ਏ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 21 ਅਕਤੂਬਰ ਏ ਜਦਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 22 ਅਕਤੂਬਰ ਨੂੰ ਕੀਤੀ ਜਾਵੇਗੀ। ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਤਰੀਕ 24 ਅਕਤੂਬਰ ਏ ।

---------------------------------------------------------------------------

ਭਾਰਤੀ ਰੇਲਵੇ ਦੇ ਜੰਮੂ ਡਿਵੀਜ਼ਨ ਨੇ ਇੱਕ ਟਿਕਟ ਜਾਂਚ ਮੁਹਿੰਮ ਸ਼ੁਰੂ ਕੀਤੀ ਏ , ਜਿਸ ਵਿੱਚ 673 ਮੁਸਾਫ਼ਰਾਂ 'ਤੇ ਜੁਰਮਾਨਾ ਲਗਾ ਕੇ ਲਗਭਗ ਪੰਜ ਲੱਖ ਰੁਪਏ ਇਕੱਤਰ ਕੀਤੇ ਗਏ ਨੇ । ਇਹ ਮੁਹਿੰਮ ਜੰਮੂ, ਪਠਾਨਕੋਟ ਕੈਂਟ, ਪਠਾਨਕੋਟ ਸਿਟੀ, ਕਟੜਾ, ਸ੍ਰੀਨਗਰ ਅਤੇ ਬਡਗਾਮ ਸਮੇਤ ਪ੍ਰਮੁੱਖ ਸਟੇਸ਼ਨਾਂ 'ਤੇ ਚਲਾਈ ਗਈ ਸੀ, ਅਤੇ ਸਭ ਤੋਂ ਵੱਧ ਇੱਕ ਦਿਨ ਦਾ ਜੁਰਮਾਨਾ ਪੰਜ ਲੱਖ ਰੁਪਏ ਇਕੱਤਰ ਕੀਤਾ ਗਿਆ ਸੀ। ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਉਚਿਤ ਸਿੰਘਲ ਨੇ ਮੁਸਾਫ਼ਰਾਂ ਨੂੰ ਟਿਕਟਾਂ ਬੁੱਕ ਕਰਨ ਅਤੇ ਲੰਬੀਆਂ ਕਤਾਰਾਂ ਤੋਂ ਬਚਣ ਲਈ ਐਮ-ਯੂ.ਟੀ.ਐਸ ਅਤੇ ਰੇਲ-ਵਨ ਐਪਸ ਦੀ ਵਰਤੋਂ ਕਰਨ ਦੀ ਸਲਾਹ

ਦਿੱਤੀ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਅਨਿਯਮਿਤ ਯਾਤਰਾ ਨੂੰ ਰੋਕਣ ਲਈ ਜਾਰੀ ਰਹੇਗੀ।

---------------------------------------------------------------------

ਬੀਤੇ ਦਿਨ ਮਾਨਸਾ-ਬਠਿੰਡਾ ਸੜਕ 'ਤੇ ਪੁਲੀਸ ਚੌਂਕੀ ਠੂਠਿਆਂਵਾਲੀ ਨਜ਼ਦੀਕ, ਇਕ ਬੱਸ ਦੀ ਲਪੇਟ ਵਿਚ ਆਉਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ । ਸਾਡੇ ਪੱਤਰਕਾਰ ਨੇ ਦਸਿਆ ਕਿ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇਹ ਨੌਜਵਾਨ ਆਪਣੀ ਡਿਊਟੀ ਤੋਂ ਮੋਟਰਸਾਈਕਲ 'ਤੇ ਘਰ ਪਰਤ ਰਿਹਾ ਸੀ, ਤਾਂ ਇਕ ਬੱਸ ਨੇ ਉਸਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਵਿੱਚ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ । ਮ੍ਰਿਤਕ ਦੀ ਪਛਾਣ ਮਾਨਸਾ ਦੇ ਰਹਿਣ ਵਾਲੇ ਜੈਫੀ ਗੋਇਲ ਵਜੋਂ ਹੋਈ ਏ ਜੋ ਬਠਿੰਡਾ ਦੇ ਸਕੂਲ ਵਿਚ ਅਧਿਆਪਕ ਸਨ । ਪੁਲੀਸ ਨੇ ਬੱਸ ਚਾਲਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਏ ।

---------------------------------------------------------------------

ਅੰਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਐਨ.ਸੀ.ਸੀ ਯੂਨਿਟ ਵੱਲੋਂ ਬੀਤੇ ਦਿਨੀ 5 ਕਿਲੋਮੀਟਰ ਮਿਨੀ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਸੈਕਿੰਡ ਲੈਫਟੀਨੈਂਟ ਅਰੁਣ ਖੇਤਰਪਾਲ ਦੀ

ਜਨਮ ਵਰ੍ਹੇਗੰਢ ਮੌਕੇ ਕਰਵਾਇਆ ਗਿਆ, ਜਿਸ ਦਾ ਮੁੱਖ ਮੰਤਵ ਫ਼ੌਜ ਦੇ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਾ ਅਤੇ ਸਿਹਤ ਪ੍ਰਤੀ ਜਾਗਰੂਕਤਾ ਵਧਾਉਣਾ ਸੀ। ਮੇਰਾਥਨ ਦਾ ਥੀਮ "ਸ਼ਹੀਦਾਂ ਨੂੰ ਸਮਰਪਿਤ ਦੌੜ, ਸਿਹਤ ਲਈ ਦੌੜ" ਰੱਖਿਆ ਗਿਆ । ਵਾਈਸ ਚਾਂਸਲਰ ਪ੍ਰੋ ਕਰਮਜੀਤ ਸਿੰਘ, ਨੇ ਦੌੜਾਕਾਂ ਨੂੰ ਸਿਹਤ ਅਤੇ ਫਿਟਨੈੱਸ ਲਈ ਪ੍ਰੇਰਿਤ ਕੀਤਾ। ਮੈਰਾਥਨ 'ਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਐੱਨ.ਸੀ.ਸੀ. ਕੈਡਟਸ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ। ਜੇਤੂਆਂ ਨੂੰ ਤਮਗਿਆਂ ਨਾਲ ਸਨਮਾਨਿਤ ਕੀਤਾ ਗਿਆ ।